# India Russia consultations on UNSC issues

January 31, 2022

................................

## UNSC ਨਾਲ ਜੁੜੇ ਮੁੱਦਿਆਂ 'ਤੇ ਭਾਰਤ ਅਤੇ ਰੂਸ ਦਰਮਿਆਨ ਨਾਲ ਸਲਾਹ-ਮਸ਼ਵਰਾ

31 ਜਨਵਰੀ, 2022

1. 31 ਜਨਵਰੀ, 2022 ਨੂੰ ਨਵੀਂ ਦਿੱਲੀ ਵਿਖੇ ਭਾਰਤ ਅਤੇ ਰੂਸ ਦਰਮਿਆਨ ਸੰਯੁਕਤ ਰਾਸ਼ਟਰ ਨਾਲ ਸਬੰਧਤ ਮੁੱਦਿਆਂ 'ਤੇ ਦੁਵੱਲੇ ਵਿਚਾਰ-ਵਟਾਂਦਰੇ ਹੋਏ । ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੀ ਸਕੱਤਰ (ਪੱਛਮ) ਡਾਕਟਰ ਸ੍ਰੀਮਤੀ ਡਾ. ਰੀਨਤ ਸੰਧੂ ਨੇ ਕੀਤੀ ਜਦਕਿ ਰੂਸੀ ਵਫ਼ਦ ਦੀ ਅਗਵਾਈ ਰਸ਼ੀਅਨ ਫੈਡਰੇਸ਼ਨ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ (DFM) ਮਹਾਮਹਿਮ ਰਾਜਦੂਤ ਸਰਗੇਈ ਵੈਸੀਲੀਵਿਚ ਵਰਸ਼ਿਨਿਨ ਨੇ ਕੀਤੀ।

2. ਸਕੱਤਰ (ਪੱਛਮ) ਨੇ ਫਰਵਰੀ, 2022 ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਆਗਾਮੀ ਪ੍ਰਧਾਨਗੀ ਲਈ ਰੂਸ ਨੂੰ ਵਧਾਈ ਦਿੱਤੀ। ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਏਜੰਡੇ ਅਤੇ ਸੰਬੰਧਿਤ ਘਟਨਾਕ੍ਰਮ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰਤ ਚਰਚਾ ਕੀਤੀ। ਦੋਵੇਂ ਧਿਰਾਂ ਨੇ ਬਹੁ-ਪੱਖੀ ਪਲੇਟਫਾਰਮਾਂ 'ਤੇ ਆਪਸੀ ਹਿੱਤਾਂ ਦੇ ਮੁੱਦਿਆਂ ਬਾਰੇ ਸਹਿਯੋਗ ਨੂੰ ਡੂੰਘਾ ਕਰਨ ਉੱਤੇ ਸਹਿਮਤੀ ਪ੍ਰਗਟਾਈ। ਰੂਸੀ ਵਫ਼ਦ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ 76ਵੇਂ ਸੈਸ਼ਨ ਦੌਰਾਨ ਭਾਰਤ ਨੂੰ ਆਪਣੀਆਂ ਤਰਜੀਹਾਂ ਬਾਰੇ ਦੱਸਿਆ। ਦੋਵੇਂ ਧਿਰਾਂ ਨੇ ਦਰਪੇਸ਼ ਸਾਂਝੀਆਂ ਚੁਣੌਤੀਆਂ ਅਤੇ ਆਪਣੀ ਲੰਮੀ ਵਿਸ਼ਿਸ਼ ਰਣਨੀਤਕ ਭਾਈਵਾਲੀ ਦੇ ਮੱਦੇਨਜ਼ਰ ਮਿਲ ਕੇ ਕੰਮ ਕਰਨ ਉੱਤੇ ਵੀ ਸਹਿਮਤੀ ਦਿੱਤੀ।

3. ਇਸ ਫੇਰੀ ਦੌਰਾਨ DFM ਨੇ ਵਿਦੇਸ਼ ਸਕੱਤਰ ਸ੍ਰੀ ਹਰਸ਼ਵਰਧਨ ਸ੍ਰਿੰਗਲਾ ਨਾਲ ਵੀ ਮੁਲਾਕਾਤ ਕੀਤੀ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਆਪਣੀ ਆਗਾਮੀ ਪ੍ਰਧਾਨਗੀ ਦੌਰਾਨ ਰੂਸ ਦੀਆਂ ਤਰਜੀਹਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ।

ਨਵੀਂ ਦਿੱਲੀ
31 ਜਨਵਰੀ, 2022

DISCLAIMER: This is an approximate translation. The original is available in English on MEA's website and may be referred to as the official press release.